੧੨੦

ਗੁਰੂ ਗਿਆਨ / ਖਾਲਸ ਗਿਆਨ

(ਲੇਖਕ: ਮਾ: ਜੁਗਿੰਦਰ ਸਿੰਘ)

ਤਤਕਰਾ/ਪਰਕਰਣ

੧. ਅਸਲ ਗਿਆਨ, ਗੁਰ ਗਿਆਨ, ਤੱਤੁ ਗਿਆਨੁ ਅਥਵਾ ਖਾਲਸ ਗਿਆਨ

੨. ਗੁਰੂ ਘਰ ਦੇ ਅਸਲ ਗਿਆਨੀ, ਤਤ ਗਿਆਨੀ ਅਥਵਾ ਖਾਲਸ ਗਿਆਨੀ

੩. ਇਸ ਇੱਕੋ ਇੱਕ ਅਸਲ ਗਿਆਨ, ਤੱਤ ਗਿਆਨ, ਖਾਲਸ ਗਿਆਨ ਦੀ ਪ੍ਰਾਪਤੀ ਕੇਵਲ ਇੱਕੋ ਇੱਕ ਗੁਰੂ, ਅਸਲ ਗੁਰੂ, ਪੂਰੇ ਗੁਰੂ ਅਥਵਾ ਹਰੀ ਰੂਪ ਗਿਆਨੀ ਸਤਿਗੁਰੂ ਪਾਸੋਂ ਹੀ ਕੀਤੀ ਜਾ ਸਕਦੀ ਹੈ ਹੋਰ ਕਿਤੋਂ ਨਹੀਂ ।

੪. ਗੁਰਮਤਿ ਅਸਲ ਤੱਤ ਗਿਆਨ, ਗਿਆਨ ਵਿਹੂਣਾ ਨਿਰਾ ਅਖੋਤੀ ਗਿਆਨ, ਚੁੰਚ ਗਿਆਨ ਅਥਵਾ ਅੰਧ ਗਿਆਨ ਵਾ ਫੋਕਟ ਗਿਆਨ ਸਗੋਂ ਨਿਰੋਲ ਅਗਿਆਨ ਹੈ ਜਿਸ ਦੇ ਪ੍ਰਾਪਤਿ ਕਰਨ ਦਾ ਕੋਈ ਫ਼ਲ ਨਹੀਂ ।

੫. ਗੁਰਮਤਿ ਗਿਆਨ ਵਿਹੂਣੇ ਗਿਆਨੀ, ਅਖੌਤੀ ਗਿਆਨੀ, ਚੁੰਚ ਗਿਆਨੀ, ਅੰਧ ਗਿਆਨੀ, ਮੂੜ ਗਿਆਨੀ ਸਗੋਂ ਨਿਰੇ ਅਗਿਆਨੀ ਹਨ ਜੋ ਬਿਨਾਂ ਸਤਿਗੁਰੂ ਨੂੰ ਭੇਟੇ ਤੋਂ ਹਉਮੈ ਹੰਕਾਰ ਦਾ ਰੂਪ ਹੀ ਹੁੰਦੇ ਹਨ ਅਤੇ ਉਨ੍ਹਾਂ ਦੀ ਕਥਨੀ ਬਦਨੀ ਤੇ ਕਰਮ ਧਰਮ ਸਗੋਂ ਮੈਲ ਵਧਾਉਣ ਦਾ ਕਾਰਨ ਹੀ ਬਣਦੇ ਹਨ ।

੬. ਗੁਰਮਤਿ ਗਿਆਨ ਵਿਹੂਣਿਆ ਲਈ ਸਾਂਝਾ ਰੀਮਾਰਕ ।

(੧) ਅਸਲ ਗਿਆਨ, ਗੁਰੂ ਗਿਆਨ, ਤੱਤੁ ਗਿਆਨੁ ਅਥਵਾ ਖਾਲਸ ਗਿਆਨ

- ਸਿਫਤਿ ਸਾਲਾਹਣੁ ਤੇਰਾ ਹੁਕਮੁ ਰਜਾਈ॥ ਸੋ ਗਿਆਨੁ ਧਿਆਨੁ ਜੋ ਤੁਧੁ ਭਾਈ॥
  ਸੋਈ ਜਪੁ ਜੋ ਪ੍ਰਭ ਜੀਉ ਭਾਵੈ ਭਾਣੈ ਪੂਰ ਗਿਆਨਾ ਜੀਉ॥ (੧੦੦)

- ਸੋ ਨਿਹਕਰਮੀ ਜੋ ਸਬਦੁ ਬੀਚਾਰੇ॥ ਅੰਤਰਿ ਤਤੁ ਗਿਆਨਿ ਹਉਮੈ ਮਾਰੇ॥
  ਨਾਮੁ ਪਦਾਰਥੁ ਨਉ ਨਿਧਿ ਪਾਏ ਤ੍ਰੈ ਗੁਣ ਮੇਟਿ ਸਮਾਵਣਿਆ॥ (੧੨੮)

- ਸਤਿਗੁਰ ਤੇ ਗਿਆਨੁ ਪਾਇਆ ਹਰਿ ਤਤੁ ਬੀਚਾਰਾ॥ ਮਤਿ ਮਲੀਣ ਪਰਗਟੁ ਭਈ ਜਪਿ ਨਾਮੁ ਮੁਰਾਰਾ॥ (੧੬੩)

- ਸੁਮਤਿ ਗਿਆਨੁ ਧਿਆਨੁ ਜਿਨ ਦੇਇ॥ ਜਨ ਦਾਸ ਨਾਮੁ ਧਿਆਵਹਿ ਸੇਇ॥ (੨੮੪)

- ਤਿਸੁ ਵਿਚਿ ਗਿਆਨ ਰਤਨੁ ਇਕੁ ਪਾਇਆ॥ ਗੁਰ ਪਰਸਾਦੀ ਮੰਨਿ ਵਸਾਇਆ॥
  ਜਤੁ ਸਤੁ ਸੰਜਮੁ ਸਚੁ ਕਮਾਵੈ ਗੁਰਿ ਪੂਰੈ ਨਾਮੁ ਧਿਆਵਣਿਆ॥ (੧੨੯)

- ਗਿਆਨ ਰਤਨੁ ਮਨਿ ਪਰਗਟੁ ਭਇਆ॥ ਨਾਮੁ ਪਦਾਰਥੁ ਸਹਜੇ ਲਇਆ॥ (੧੦੬੯)

- ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥ (੨੮੫)

- ਸੁਣਿ ਮਨ ਮੇਰੇ ਤਤੁ ਗਿਆਨੁ॥ ਦੇਵਣ ਵਾਲਾ ਸਭ ਬਿਧਿ ਜਾਣੈ ਗੁਰਮੁਖਿ ਪਾਈਐ ਨਾਮੁ ਨਿਧਾਨੁ॥ (੪੨੩)

- ਸਤਿਗੁਰ ਤੇ ਗੁਣ ਊਪਜੈ ਜਾ ਪ੍ਰਭੁ ਮੇਲੈ ਸੋਇ॥ ਸਹਜੇ ਨਾਮੁ ਧਿਆਈਐ ਗਿਆਨੁ ਪਰਗਟੁ ਹੋਇ॥ (੪੨੮)

- ਕਰਮ ਧਰਮ ਤਤੁ ਗਿਆਨੁ ਸੰਤਾ ਸੰਗੁ ਹੋਇ॥ ਜਪੀਐ ਅੰਮ੍ਰਿਤ ਨਾਮੁ ਬਿਘਨੁ ਨ ਲਗੈ ਕੋਇ॥ (੫੨੧)

- ਗੁਰਮੁਖਿ ਸਚੁ ਸੰਜਮੁ ਤਤੁ ਗਿਆਨੁ॥ ਗੁਰਮੁਖਿ ਸਾਚੇ ਲਗੈ ਧਿਆਨੁ॥ (੫੫੯)

- ਛੰਛੈ ਛਿਆਨੁ ਬੂਝੈ ਜੋ ਕੋਈ ਪੜਿਆ ਪੰਡਿਤੁ ਸੋਈ॥
  ਸਰਬ ਜੀਆ ਮਹਿ ਏਕੋ ਜਾਣੈ ਤਾ ਹਉਮੈ ਕਹੈ ਨ ਕੋਈ॥ (੪੩੨)

- ਬ੍ਰਹਮਾ ਬਿਸਨੁ ਮਹੇਸੁ ਵੀਚਾਰੀ॥ ਤ੍ਰੈ ਗੁਣ ਬਧਕ ਮੁਕਤਿ ਨਿਰਾਰੀ॥
  ਗੁਰਮੁਖਿ ਗਿਆਨੁ ਏਕੋ ਹੈ ਜਾਤਾ ਅਨਦਿਨੁ ਨਾਮੁ ਰਵੀਜੈ ਹੇ॥ (੧੦੪੯)

- ਗੁਰ ਗਿਆਨ ਅੰਜਨੁ ਸਤਿਗੁਰੂ ਪਾਇਆ ਅਗਿਆਨ ਅੰਧੇਰ ਬਿਨਾਸੇ॥
  ਸਤਿਗੁਰ ਸੇਵਿ ਪਰਮ ਪਦੁ ਪਾਇਆ ਹਰਿ ਜਪਿਆ ਸਾਸ ਗਿਰਾਸੇ॥ (੫੭੩)

- ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ॥ (੭੫੯)

- ਇਕਨਾ ਆਪਿ ਬੁਝਾਇਓਨੁ ਗੁਰਮੁਖਿ ਹਰਿ ਗਿਆਨੁ॥ ਭਗਤਿ ਖਜਾਨਾ ਬਖਸਿਓਨੁ ਹਰਿ ਨਾਮੁ ਨਿਧਾਨੁ॥ (੭੮੬)

- ਐਸੋ ਗਿਆਨੁ ਬਿਰਲੋ ਈ ਪਾਏ॥ ਜਤ ਜਤ ਜਾਈਐ ਤਤ ਦ੍ਰਿਸਟਾਏ॥ (੮੦੩)

- ਐਸਾ ਗਿਆਨੁ ਪਦਾਰਥੁ ਨਾਮੁ॥ ਗੁਰਮੁਖਿ ਪਾਵਸਿ ਰਸਿ ਰਸਿ ਮਾਨੁ॥ (੮੩੧)

- ਨਾਮੁ ਬਿਸਾਰਿ ਪਚਹਿ ਅਭਿਮਾਨੁ॥ ਨਾਮ ਬਿਨਾ ਕਿਆ ਗਿਆਨ ਧਿਆਨੁ॥ (੯੦੫)

- ਨਾਮਿ ਰਤੇ ਗੁਣ ਗਿਆਨ ਬੀਚਾਰੁ॥ (੯੪੧)

- ਤੀਰਥੁ ਹਮਰਾ ਹਰਿ ਕੋ ਨਾਮੁ॥ ਗੁਰਿ ਉਪਦੇਸਿਆ ਤਤੁ ਗਿਆਨੁ॥ (੧੧੪੨)

- ਗੁਰ ਪ੍ਰਸਾਦਿ ਨਾਨਕੁ ਬਖਾਨੈ ਹਰਿ ਭਜਨੁ ਤਤੁ ਗਿਆਨੁ॥ (੧੦੦੬)

- ਤਤੁ ਗਿਆਨੁ ਵੀਚਾਰਿਆ ਹਰਿ ਜਪਿ ਹਰਿ ਗਤੇ॥ (੧੦੯੩)

- ਤਤੁ ਗਿਆਨੁ ਹਰਿ ਅੰਮ੍ਰਿਤ ਨਾਮ॥ (੧੧੪੬)

- ਐਸਾ ਗਿਆਨੁ ਜਪਹੁ ਮਨ ਮੇਰੇ॥ ਹੋਵਹੁ ਚਾਕਰ ਸਾਚੇ ਕੇਰੇ॥ (੭੨੮)

- ਸੁਖਦਾਤਾ ਦੁਖ ਭੰਜਨਹਾਰਾ ਗਾਉ ਕੀਰਤਨੁ ਪੂਰਨ ਗਿਆਨੁ॥ (੯੭੯)

- ਹਰਿ ਧਨੁ ਇਸਨਾਨੁ ਹਰਿ ਧਨੁ ਗਿਆਨੁ ਹਰਿ ਸੰਗਿ ਲਾਇ ਧਿਆਨਾ॥
ਹਰਿ ਧਨੁ ਤੁਲਹਾ ਹਰਿ ਧਨੁ ਬੇੜੀ ਹਰਿ ਹਰਿ ਤਾਰਿ ਪਰਾਨਾ॥ (੪੯੫)

(੨) ਗੁਰੂ ਘਰ ਦੇ ਅਸਲ ਗਿਆਨੀ ਤਤ ਗਿਆਨੀ ਅਥਵਾ ਖਾਲਸ ਗਿਆਨੀ

- ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ॥ ਆਪੁ ਪਛਾਣੈ ਬੂਝੈ ਸੋਇ॥
ਗੁਰ ਪਰਸਾਦਿ ਕਰੇ ਬੀਚਾਰੁ॥ ਸੋ ਗਿਆਨੀ ਦਰਗਹ ਪਰਵਾਣੁ॥ (੨੫)

- ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ॥
ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ॥ (੬੮)

- ਦੁਖੁ ਸੁਖੁ ਏ ਬਾਧੇ ਜਿਹ ਨਾਹਨਿ ਤਿਹ ਤੁਮ ਜਾਨਉ ਗਿਆਨੀ॥
ਨਾਨਕ ਮੁਕਤਿ ਤਾਹਿ ਤੁਮ ਮਾਨਉ ਇਹ ਬਿਧਿ ਕੋ ਜੋ ਪ੍ਰਾਨੀ॥ (੨੨੦)

- ਅਨਿਕ ਭੇਖ ਅਰੁ ਛਿਆਨ ਧਿਆਨ ਮਨਹਠਿ ਮਿਲਿਅਉ ਨ ਕੋਇ॥
ਕਹੁ ਨਾਨਕ ਕਿਰਪਾ ਭਈ ਭਗਤੁ ਛਿਆਨੀ ਸੋਇ॥ (੨੫੧)

- ਛਿਆਨੀ ਸੋਇ ਜਾ ਕੈ ਦ੍ਰਿੜ ਸੋਊ॥ ਕਹਤ ਸੁਨਤ ਕਛੁ ਜੋਗੁ ਨ ਹੋਊ॥
ਛਿਆਨੀ ਰਹਤ ਆਗਿਆ ਦ੍ਰਿੜੁ ਜਾ ਕੈ॥ ਉਸਨ ਸੀਤ ਸਮਸਰਿ ਸਭ ਤਾ ਕੈ॥
ਛਿਆਨੀ ਤਤੁ ਗੁਰਮੁਖਿ ਬੀਚਾਰੀ॥ ਨਾਨਕ ਜਾ ਕਉ ਕਿਰਪਾ ਧਾਰੀ॥ (੨੫੧)

- ਸੋ ਸੁਰਤਾ ਸੋ ਬੈਸਨੋ ਸੋ ਗਿਆਨੀ ਧਨਵੰਤੁ॥ ਸੋ ਸੂਰਾ ਕੁਲਵੰਤੁ ਸੋਇ ਜਿਨਿ ਭਜਿਆ ਭਗਵੰਤੁ॥ (੩੦੦)

- ਆਠ ਪਹਰ ਉਦਕ ਇਸਨਾਨੀ॥ ਸਦ ਹੀ ਭੋਗੁ ਲਗਾਇ ਸੁਗਿਆਨੀ॥ (੩੯੩)

- ਗਿਆਨੀਆ ਨੋ ਸਭੁ ਸਚੁ ਹੈ ਸਚੁ ਸੋਝੀ ਹੋਈ॥ ਓਇ ਭੁਲਾਏ ਕਿਸੈ ਦੇ ਨ ਭੁਲਨ੍ਹੀ ਸਚੁ ਜਾਣਨਿ ਸੋਈ॥ (੪੨੫)

- ਸੋਈ ਗਿਆਨੀ ਸੋਈ ਧਿਆਨੀ ਸੋਈ ਪੁਰਖੁ ਸੁਭਾਈ॥
ਕਹੁ ਨਾਨਕ ਜਿਸੁ ਭਏ ਦਇਆਲਾ ਤਾ ਕਉ ਮਨ ਤੇ ਬਿਸਰਿ ਨ ਜਾਈ॥ (੬੧੦)

- ਕਈ ਬੈਕੁੰਠ ਨਾਹੀ ਲਵੈ ਲਾਗੇ॥ ਮੁਕਤਿ ਬਪੁੜੀ ਭੀ ਗਿਆਨੀ ਤਿਆਗੇ॥ (੧੦੭੮)

- ਜਿਉ ਮਾਤਾ ਬਾਲਿ ਲਪਟਾਵੈ॥ ਤਿਉ ਗਿਆਨੀ ਨਾਮੁ ਕਮਾਵੈ॥
ਗੁਰ ਪੂਰੇ ਤੇ ਪਾਵੈ॥ ਜਨ ਨਾਨਕ ਨਾਮੁ ਧਿਆਵੈ॥ (੬੨੯)

- ਸੋ ਗਿਆਨੀ ਜਿਨਿ ਸਬਦਿ ਲਿਵ ਲਾਈ॥ ਮਨਮੁਖਿ ਹਉਮੈ ਪਤਿ ਗਵਾਈ॥ (੮੩੧)

- ਗੁਰਮੁਖਿ ਪਰਚੈ ਸੁ ਸਬਦਿ ਗਿਆਨੀ॥ ਗੁਰਮੁਖਿ ਪਰਚੈ ਅੰਤਰ ਬਿਧਿ ਜਾਨੀ॥ (੯੪੧)

- ਗੁਣ ਵੀਚਾਰੇ ਗਿਆਨੀ ਸੋਇ॥ ਗੁਣ ਮਹਿ ਗਿਆਨੁ ਪਰਾਪਤਿ ਹੋਇ॥ (੯੩੧)

- ਵਿਣੁ ਸਤਗੁਰ ਗੁਣ ਨ ਜਾਪਨੀ ਜਿਚਰੁ ਸਬਦਿ ਨ ਕਰੇ ਬੀਚਾਰੁ॥ (੯੩੬)

- ਸੋਈ ਗਿਆਨੀ ਸੋਈ ਜਨੁ ਤੇਰਾ ਜਿਸੁ ਊਪਰਿ ਰੁਚ ਆਵੈ॥ (੯੭੮)

- ਹਉਮੈ ਮੇਟਿ ਸਬਦਿ ਸੁਖੁ ਹੋਈ॥ ਆਪੁ ਵੀਚਾਰੇ ਗਿਆਨੀ ਸੋਈ॥ (੧੦੪੦)

- ਸੋ ਗਿਆਨੀ ਸੋ ਬੈਸਨੌ ਪੜ੍ਹਿਆ ਜਿਸੁ ਕਰੀ ਕ੍ਰਿਪਾ ਭਗਵਾਨ॥ (੧੨੦੩)

- ਗਿਆਨੀ ਹੋਵੈ ਸੁ ਗੁਰਮੁਖਿ ਬੂਝੈ ਸਾਚੀ ਸਿਫਤਿ ਸਲਾਹਾ ਹੇ॥ (੧੦੫੬)

- ਗਿਆਨੀਆ ਕਾ ਧਨੁ ਨਾਮੁ ਹੈ ਸਦ ਹੀ ਰਹੈ ਸਮਾਇ॥ (੧੨੮੨)

- ਸੋਈ ਗਿਆਨੀ ਜਿ ਸਿਮਰੈ ਏਕ॥ ਸੋ ਧਨਵੰਤਾ ਜਿਸੁ ਬੁਧਿ ਬਿਬੇਕ॥ (੧੧੫੦)

(੩) ਇਸ ਇੱਕੋ ਇੱਕ ਅਸਲ ਗਿਆਨ, ਤਤ ਗਿਆਨ, ਖਾਲਸ ਗਿਆਨ ਦੀ ਪ੍ਰਾਪਤੀ ਕੇਵਲ ਇੱਕੋ ਇੱਕ ਗੁਰੂ, ਅਸਲ ਗੁਰੂ, ਪੂਰੇ ਗੁਰੂ ਅਥਵਾ ਹਰੀ ਰੂਪ ਗਿਆਨੀ ਸਤਿਗੁਰੂ ਪਾਸੋਂ ਹੀ ਕੀਤੀ ਜਾ ਸਕਦੀ ਹੈ ਹੋਰ ਕਿਤੋਂ ਨਹੀਂ

- ਗੁਰਮੁਖਿ ਸਬਦੁ ਪਛਾਣੀਐ ਹਰਿ ਅੰਮ੍ਰਿਤ ਨਾਮਿ ਸਮਾਇ॥
ਗੁਰ ਗਿਆਨੁ ਪ੍ਰਚੰਡੁ ਬਲਾਇਆ ਅਗਿਆਨੁ ਅੰਧੇਰਾ ਜਾਇ॥ (੨੯)

- ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ॥ ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ॥ (੫੯)

- ਜਿਤੁ ਤਨਿ ਨਾਮੁ ਨ ਭਾਵਈ ਤਿਤੁ ਤਨਿ ਹਉਮੈ ਵਾਦੁ॥ ਗੁਰ ਬਿਨੁ ਗਿਆਨੁ ਨ ਪਾਈਐ ਬਿਖਿਆ ਦੂਜਾ ਸਾਦੁ॥ (੬੧)

- ਗੁਰ ਤੇ ਗਿਆਨੁ ਪਾਏ ਜਨੁ ਕੋਇ॥ ਗੁਰ ਤੇ ਬੂਝੈ ਸੀਝੈ ਸੋਇ॥ (੧੫੮)

- ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ॥ ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ॥ (੧੮੭)

- ਬਲਤੋ ਜਲਤੋ ਤਉਕਿਆ ਗੁਰ ਚੰਦਨੁ ਸੀਤਲਾਇਓ॥
ਅਗਿਆਨ ਅੰਧੇਰਾ ਮਿਟਿ ਗਇਆ ਗੁਰ ਗਿਆਨੁ ਦੀਪਾਇਓ॥ (੨੪੧)

- ਗੁਰ ਤੇ ਗਿਆਨੁ ਊਪਜੈ ਮਹਾ ਤਤੁ ਬੀਚਾਰਾ॥ ਗੁਰ ਤੇ ਘਰੁ ਦਰੁ ਪਾਇਆ ਭਗਤੀ ਭਰੇ ਭੰਡਾਰਾ॥ (੪੨੪)

- ਸਤਿਗੁਰ ਗਿਆਨੁ ਬਲਿਆ ਘਟਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ॥ (੪੪੪)

- ਜਿਨ ਮਸਤਕਿ ਧੁਰਿ ਹਰਿ ਲਿਖਿਆ ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਘਟਿ ਬਲਿਆ॥ (੪੫੦)

- ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ॥ ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ॥ (੪੬੯)

- ਗਿਆਨ ਪਦਾਰਥੁ ਮਤਿ ਗੁਰ ਤੇ ਪਾਇਐ॥ (੫੨੦)

- ਮਾਈ ਗੁਰ ਬਿਨੁ ਗਿਆਨੁ ਨ ਪਾਈਐ॥ ਅਨਿਕ ਪ੍ਰਕਾਰ ਫਿਰਤ ਬਿਲਲਾਤੇ ਮਿਲਤ ਨਹੀ ਗੋਸਾਈਐ॥ (੫੩੨)

- ਮਾਇਆ ਮੋਹੁ ਗੁਬਾਰੁ ਹੈ ਗੁਰ ਬਿਨੁ ਗਿਆਨੁ ਨ ਹੋਈ॥ ਸਬਦਿ ਲਗੇ ਤਿਨ ਬੁਝਿਆ ਦੂਜੈ ਪਰਜ ਵਿਗੋਈ॥ (੫੫੯)

- ਗੁਰ ਬਿਨੁ ਗਿਆਨੁ ਨ ਹੋਵਈ ਨਾ ਸੁਖੁ ਵਸੈ ਮਨਿ ਆਇ॥
ਨਾਨਕ ਨਾਮ ਵਿਹੂਣੇ ਮਨਮੁਖੀ ਜਾਸਨਿ ਜਨਮੁ ਗਵਾਇ॥ (੬੫੦)

- ਗਿਆਨੁ ਧਿਆਨੁ ਸਭੁ ਗੁਰ ਤੇ ਹੋਈ॥ ਸਾਚੀ ਰਹਤ ਸਾਚਾ ਮਨਿ ਸੋਈ॥ (੮੩੧)

- ਅਗਿਆਨੀ ਮਤਿਹੀਣੁ ਹੈ ਗੁਰ ਬਿਨੁ ਗਿਆਨੁ ਨ ਹੋਇ॥ (੯੩੪)

- ਗੁਰ ਤੇ ਗਿਆਨੁ ਨਾਮ ਰਤਨੁ ਪਾਇਆ॥ ਮਨਸਾ ਮਾਰਿ ਮਨ ਮਾਹਿ ਸਮਾਇਆ॥ (੧੦੪੪)

- ਮਹਾ ਮੁਗਧ ਤੇ ਕੀਆ ਗਿਆਨੀ॥ ਗੁਰ ਪੂਰੇ ਕੀ ਅਕਥ ਕਹਾਨੀ॥ (੧੩੩੮)

- ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ ਜਿਨਿ ਵੈਰੀ ਮਿਤ੍ਰੁ ਹਮ ਕਉ ਸਭ ਸਮ ਦ੍ਰਿਸਟਿ ਦਿਖਾਈ॥ (੫੯੪)

(੪) ਗੁਰਮਤਿ ਅਸਲ ਤਤ ਗਿਆਨ, ਗਿਆਨ ਵਿਹੂਣਾ ਨਿਰਾ ਅਖੌਤੀ ਗਿਆਨ, ਚੁੰਚ ਗਿਆਨ ਅਥਵਾ ਅੰਧ ਗਿਆਨ ਵਾ ਫੋਕਟ ਗਿਆਨ ਸਗੋਂ ਨਿਰੋਲ ਅਗਿਆਨ ਹੈ ਜਿਸ ਦੇ ਪ੍ਰਾਪਤਿ ਕਰਨ ਦਾ ਕੋਈ ਫ਼ਲ ਨਹੀਂ

- ਅਨਿਕ ਭੇਖ ਅਰੁ ਛਿਆਨ ਧਿਆਨ ਮਨਹਠਿ ਮਿਲਿਅਉ ਨ ਕੋਇ॥ (੨੫੧)

- ਛੰਛਾ ਛਿਆਨੁ ਨਹੀ ਮੁਖ ਬਾਤਉ॥ ਅਨਿਕ ਜੁਗਤਿ ਸਾਸਤ੍ਰ ਕਰਿ ਭਾਤਉ॥ (੨੫੧)

- ਛੰਛਾ ਖਟੁ ਸਾਸਤ੍ਰ ਹੋਇ ਛਿਆਤਾ॥ ਪੂਰਕੁ ਕੁੰਭਕ ਰੇਚਕ ਕਰਮਾਤਾ॥
ਛਿਆਨ ਧਿਆਨ ਤੀਰਥ ਇਸਨਾਨੀ॥ ਸੋਮਪਾਕ ਅਪਰਸ ਉਦਿਆਨੀ॥
ਰਾਮ ਨਾਮ ਸੰਗਿ ਮਨਿ ਨਹੀ ਹੇਤਾ॥ ਜੋ ਕਛੁ ਕੀਨੋ ਸੋਊ ਅਨੇਤਾ॥ (੨੫੩)

- ਅੰਧੇ ਅਕਲੀ ਬਾਹਰੇ ਮੂਰਖ ਅੰਧ ਗਿਆਨੁ॥ (੭੮੯)

- ਗਿਆਨੁ ਗਿਆਨੁ ਕਥੈ ਸਭੁ ਕੋਈ॥ ਕਥਿ ਕਥਿ ਬਾਦੁ ਕਰੇ ਦੁਖੁ ਹੋਈ॥

ਕਥਿ ਕਹਣੈ ਤੇ ਰਹੈ ਨ ਕੋਈ॥ ਬਿਨੁ ਰਸ ਰਾਤੇ ਮੁਕਤਿ ਨ ਹੋਈ॥
ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ॥ ਨਾਵਹੁ ਭੂਲੇ ਥਾਉ ਨ ਕੋਈ॥ (੮੩੧)

- ਜਗੁ ਕਊਆ ਮੁਖਿ ਚੁੰਚ ਗਿਆਨੁ॥ ਅੰਤਰਿ ਲੋਭੁ ਝੂਠੁ ਅਭਿਮਾਨੁ॥
ਬਿਨੁ ਨਾਵੈ ਪਾਜੁ ਲਹਗੁ ਨਿਦਾਨਿ॥ (੮੩੨)

- ਛਿਆਨੁ ਗਵਾਇਆ ਦੂਜਾ ਭਾਇਆ ਗਰਬਿ ਗਲੇ ਬਿਖੁ ਖਾਇਆ॥ (੯੩੦)

- ਨਾਮਿ ਰਤੇ ਗੁਣ ਗਿਆਨ ਬੀਚਾਰੁ॥ ਬਿਨੁ ਨਾਵੈ ਬੋਲੈ ਸਭੁ ਵੇਕਾਰੁ॥ (੯੪੧)

- ਮਨਮੁਖੁ ਗਿਆਨੁ ਕਥੇ ਨ ਹੋਈ॥ ਫਿਰਿ ਫਿਰਿ ਆਵੈ ਠਉਰ ਨ ਕੋਈ॥ (੧੦੫੧)

- ਆਨ ਜੰਜਾਰ ਬ੍ਰਿਥਾ ਸ੍ਰਮੁ ਘਾਲਤ ਬਿਨੁ ਹਰਿ ਫੋਕਟ ਗਿਆਨ॥
ਜਨਮ ਮਰਨ ਸੰਕਟ ਤੇ ਛੂਟੈ ਜਗਦੀਸ ਭਜਨ ਸੁਖ ਧਿਆਨ॥ (੧੨੨੧)

(੫) ਗੁਰਮਤਿ ਗਿਆਨ ਵਿਹੂਣੇ ਗਿਆਨੀ, ਅਖੌਤੀ ਗਿਆਨੀ, ਚੁੰਚ ਗਿਆਨੀ, ਅੰਧ ਗਿਆਨੀ, ਮੂੜ ਗਿਆਨੀ ਸਗੋਂ ਨਿਰੇ ਅਗਿਆਨੀ ਹਨ ਜੋ ਬਿਨਾਂ ਸਤਿਗੁਰੂ ਨੂੰ ਭੇਟੇ ਤੋਂ ਹਉਮੈ ਹੰਕਾਰ ਦਾ ਰੂਪ ਹੀ ਹੁੰਦੇ ਹਨ ਅਤੇ ਉਨ੍ਹਾਂ ਦੀ ਕਥਨੀ ਬਦਨੀ ਤੋਂ ਕਰਮ ਧਰਮ ਸਗੋਂ ਮੈਲ ਵਧਾਉਣ ਦਾ ਕਾਰਨ ਹੀ ਬਣਦੇ ਹਨ ।

- ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ॥ ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ॥ (੩੯)

- ਧਿਆਨੀ ਧਿਆਨੁ ਲਾਵਹਿ॥ ਗਿਆਨੀ ਗਿਆਨੁ ਕਮਾਵਹਿ॥ ਪ੍ਰਭੁ ਕਿਨ ਹੀ ਜਾਤਾ॥ (੭੧)

- ਗਿਆਨੀ ਧਿਆਨੀ ਚਤੁਰ ਪੇਖਿ ਰਹਨੁ ਨਹੀ ਇਹ ਠਾਇ॥
ਛਾਡਿ ਛਾਡਿ ਸਗਲੀ ਗਈ ਮੂੜ ਤਹਾ ਲਪਟਾਹਿ॥ (੨੫੪)

- ਗਿਆਨੀ ਧਿਆਨੀ ਬਹੁ ਉਪਦੇਸੀ ਇਹੁ ਜਗੁ ਸਗਲੋ ਧੰਧਾ॥
ਕਹਿ ਕਬੀਰ ਇਕ ਰਾਮ ਨਾਮ ਬਿਨੁ ਇਆ ਜਗੁ ਮਾਇਆ ਅੰਧਾ॥ (੩੩੯)

- ਐਸਾ ਕਰਹੁ ਬੀਚਾਰੁ ਗਿਆਨੀ॥ ਜਾ ਤੇ ਪਾਈਐ ਪਦੁ ਨਿਰਬਾਨੀ॥ (੩੯੫)

- ਗਿਆਨੀ ਗੁਰ ਬਿਨੁ ਭਗਤਿ ਨ ਹੋਈ॥ ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ॥ (੭੩੨)

- ਗਿਆਨੀ ਹਰਿ ਬੋਲਹੁ ਦਿਨੁ ਰਾਤਿ॥ (੧੨੬੪)

- ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ॥ (੯੭੪)

- ਬਿਨੁ ਸਤਿਗੁਰ ਸੇਵੇ ਮੁਕਤਿ ਨ ਹੋਈ॥ ਗਿਆਨੀ ਧਿਆਨੀ ਪੂਛਹੁ ਕੋਈ॥ (੧੦੬੩)

- ਜਗਿ ਗਿਆਨੀ ਵਿਰਲਾ ਆਚਾਰੀ॥ ਜਗਿ ਪੰਡਿਤੁ ਵਿਰਲਾ ਵੀਚਾਰੀ॥
ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ॥ (੪੧੩)

(੬) ਗੁਰਮਤਿ ਗਿਆਨ ਵਿਹੂਣਿਆ ਲਈ ਸਾਂਝਾ ਰੀਮਾਰਕ

- ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ॥ ਬਿਧਵਾ ਕਸ ਨ ਭਈ ਮਹਤਾਰੀ॥ (੩੨੯)

ਅੱਜ ਕੱਲ੍ਹ ਪੰਥ ਅੰਦਰਿ ਗੁਰਬਾਣੀ ਦੀ ਵਿਚਾਰ ਜਾਂ ਗੁਰਬਾਣੀ ਦੀ ਕਥਾ ਕਰਨ ਸੁਣਨ ਦਾ ਆਮ ਪ੍ਰਚਲਤ ਰਿਵਾਜ਼ ਹੈ ਜਿਸ ਅਨੁਸਾਰ ਵਿਦਵਾਨ ਤੇ ਗਿਆਨੀ ਲੋਗ ਗੁਰਬਾਣੀ ਦੇ ਇੱਕ ਇੱਕ ਸ਼ਬਦ ਅਥਵਾ ਇੱਕ ਇੱਕ ਤੁਕ ਦੇ ਕਈ-ਕਈ ਅਰਥ (ਜੋ ਕਈ ਵਾਰੀ ਇੱਕ ਦੂਸਰੇ ਤੋਂ ਐਨ ਉਲਟ ਹੁੰਦੇ ਹਨ) ਕਰਦੇ ਆਮ ਦੇਖਣ ਵਿੱਚ ਆਉਂਦੇ ਹਨ। ਇੱਕੋ ਹੀ ਸ਼ਬਦ ਦੀ ਵੀਚਾਰ ਅਥਵਾ ਕਥਾ ਕਰਦਿਆਂ ਕਈ ਵਾਈ ਇੱਕੋ ਗੁਰਮਤਿ ਸਿਧਾਂਤ ਦਾ ਵਿਚੇ ਖੰਡਨ ਤੇ ਵਿੱਚੇ ਮੰਡਨ ਕਰ ਜਾਂਦੇ ਹਨ। ਬਹੁਤੀ ਵਾਰੀ ਇਹ ਗੱਲ ਵੀ ਦੇਖਣ ਵਿੱਚ ਆਉਂਦੀ ਹੈ ਕਿ ਕਿਸੇ ਇੱਕ ਗੁਰ ਸ਼ਬਦ ਦੀ ਕਥਾ ਕਰਨ ਲੱਗੇ ਬੜੇ ਲੰਮੇ ਚੌੜੇ ਵਖਿਆਨ ਕਰਦੇ ਹਨ ਪ੍ਰੰਤੂ ਆਪਣੇ ਸਾਰੇ ਵਖਿਆਣ ਵਿੱਚ ਕਥਾ ਗੋਚਰੇ ਸ਼ਬਦ ਦੇ ਅਸਲੀ ਭਾਵ ਦੇ ਨੇੜੇ ਤੇੜੇ ਭੀ ਨਹੀਂ ਢੁੱਕਦੇ, ਸਗੋਂ ਗੁਰਮਤਿ ਸਿਧਾਂਤਾਂ ਨੂੰ ਆਨਮਤਿ ਸਿਧਾਂਤਾਂ ਦੇ ਅਧੀਨ ਕਰਕੇ ਵਿਖਾਉਣ ਵਿੱਚ ਹੀ ਆਪਣੀ ਵਿਦਵਤਾ ਅਤੇ ਗਿਆਨ ਦਾ ਸਬੂਤ ਦੇਣ ਦਾ ਯਤਨ ਕਰਦੇ ਹਨ।

ਐਥੋਂ ਤੀਕ ਕਿ ਕਈ ਕੁ ਕਹੌਤੀ ਗਿਆਨੀ ਤੇ ਮੰਨੇ ਪਰਮੰਨੇ ਪ੍ਰਸਿੱਧ ਲੀਡਰ ਗੁਰਮਤਿ ਅਸੂਲਾਂ ਤੇ ਸਿਧਾਂਤਾਂ ਦਾ ਖੁੱਲ੍ਹਮ ਖੁੱਲ੍ਹਾ ਖੰਡਣ ਸਟੇਜ ਤੇ ਪ੍ਰੈੱਸ ਰਾਹੀਂ ਕਰਦੇ ਰਹਿੰਦੇ ਹਨ ਤੇ ਇਸ ਪ੍ਰਕਾਰ ਗੁਰਮਤਿ ਦੇ ਪਰਦੇ ਅੰਦਰ ਮਨਮਤਿ ਦਾ ਆਮ ਪ੍ਰਚਾਰ ਹੁੰਦਾ ਦੇਖੀਦਾ ਹੈ। ਇਸ ਦਾ ਕਾਰਨ ਇਹ ਹੈ ਕਿ ਉਹ ਆਪਣੀਆਂ ਮਨਮਤੀ ਵਿਚਾਰਾਂ ਨੂੰ ਗੁਰਬਾਣੀ ਦੀ ਕਸੌਟੀ ਤੇ ਨਹੀਂ ਪਰਖਦੇ। ਗੁਰਮਤਿ ਉਨ੍ਹਾਂ ਨੂੰ ਦ੍ਰਿੜ੍ਹ ਹੀ ਨਹੀਂ ਹੁੰਦੀ। ਨਾਮ ਬਾਣੀ ਦੀ ਕਮਾਈ ਤੋਂ ਉਹ ਅਗਿਆਤ ਅਤੇ ਕੋਰੇ ਹੁੰਦੇ ਹਨ। ਐਧਰ ਉਧਰ ਦੀਆਂ ਸੁਣੀਆਂ ਸੁਣਾਈਆਂ ਜਾਂ ਕਿਤਾਬੀ ਗੱਲਾਂ ਨੂੰ ਹੀ ਗਿਆਨ ਮੰਨ ਕੇ ਸਿੱਖਿਆ ਦੇਣ ਵਾਲੇ ਪ੍ਰਚਾਰਕ ਬਣ ਬੈਠਦੇ ਹਨ। ਆਪਣੇ ਜਾਣੇ ਬੜੀਆਂ ਲੰਮੀਆਂ ਚੌੜੀਆਂ ਵਿਚਾਰਾਂ ਪੇਸ਼ ਕਰਕੇ ਟੀਕਾ ਟਿੱਪਣੀਆਂ ਕਰਦੇ ਹਨ ਪ੍ਰੰਤੂ ਅਸਲੋਂ ਵੀਚਾਰ ਸ਼ਬਦ ਦੇ ਸਹੀ ਅਰਥ ਤੋਂ ਵੀ ਅਗਿਆਤ ਹੁੰਦੇ ਹਨ। **‘ਵੀਚਾਰ’** ਪਦ ਦੇ ਅਰਥ ਤੋਂ ਵੀ ਅਗਿਆਤ ਹੁੰਦੇ ਹਨ। **‘ਵੀਚਾਰ’** ਪਦ ਦੇ ਅਰਥ ਤਾਂ ਆਉਣ ਜੇ ਉਨ੍ਹਾਂ ਨੇ ਕਦੇ ਇਸ ਪਦ ਦੇ ਅਰਥ ਗੁਰਬਾਣੀ ਵਿੱਚੋਂ ਖੋਜ ਕਰਕੇ ਲੱਭਣ ਦਾ ਯਤਨ ਕੀਤਾ ਹੋਵੇ, ਜੋ ਇਸ ਪ੍ਰਕਾਰ ਦਿੱਤੇ ਹਨ:

- ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ॥ (੫੨)

- ਇਸ ਤੇ ਊਪਰਿ ਨਹੀ ਬੀਚਾਰੁ॥ ਜਾ ਕੈ ਮਨਿ ਬਸਿਆ ਨਿਰੰਕਾਰੁ॥ (੨੯੨)

- ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ॥ (੪੬੬)

- ਪ੍ਰੇਮ ਪਦਾਰਥੁ ਪਾਈਐ ਗੁਰਮੁਖਿ ਤਤੁ ਵੀਚਾਰੁ॥ (੬੧)

- ਜਪਿ ਜਪਿ ਨਾਮੁ ਗੋਬਿੰਦ ਕਾ ਪੂਰਨ ਬੀਚਾਰੁ॥ (੮੧੫)

- ਬਿਨੁ ਗੁਰ ਅਰਥੁ ਬੀਚਾਰੁ ਨ ਪਾਇਆ॥ (੧੫੪)

- ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ ਇਹੁ ਮਨਮੁਖ ਕਾ ਬੀਚਾਰ॥ (੮੫੨)

- ਨਾਨਕ ਨਾਮਿ ਰਤੇ ਵੀਚਾਰੀ ਸਚੋ ਸਚੁ ਕਮਾਵਣਿਆ॥ (੧੨੧)

- ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ॥ (੭੬੧)

- ਨਾਨਕ ਵਿਣੁ ਨਾਵੈ ਆਲੂਦਿਆ ਜਿਤੀ ਹੋਰੁ ਖਿਆਲੁ॥ (੧੦੬੭)

- ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ॥ (੧੪੦)

- ਗੁਰਮੁਖਿ ਨਾਮੁ ਧਿਆਈਐ ਬੂਝੈ ਵੀਚਾਰਾ॥ (੪੨੪)

- ਨਾਮੇ ਨਾਮਿ ਕਰੇ ਵੀਚਾਰੁ॥ (੩੬੨)

- ਸਤਿਗੁਰੁ ਸੇਵਿ ਤਤੁ ਵੀਚਾਰੈ॥ (੩੫੩)

- ਗੁਰ ਤੇ ਸਹਜੁ ਸਾਚੁ ਬੀਚਾਰੁ॥ (੧੫੮)

- ਸਾਚੀ ਬਾਣੀ ਸਬਦ ਬੀਚਾਰੁ॥ (੧੫੮)

ਸਰੋਤਿਆਂ ਵਿਚਾਰਿਆਂ ਨੂੰ ਅੱਗੇ ਹੀ ਗੁਰਮਤਿ ਦ੍ਰਿੜ੍ਹ ਨਹੀਂ ਹੁੰਦੀ। ਉਹ ਵਿਚਾਰੇ ਬਹੁਤ ਹੀ ਅਣਜਾਣ ਹੁੰਦੇ ਹਨ। ਉਹ ਗੁਰਬਾਣੀ ਤੋਂ ਸਿੱਧਾ ਤੇ ਅਸਲ ਗਿਆਨ ਲੈਣ ਦੀ ਥਾਂ ਇਨ੍ਹਾਂ ਕਹੌਤੀ ਪ੍ਰਚਾਰਕਾਂ ਤੇ ਗਿਆਨੀਆਂ ਨੂੰ ਹੀ ਅਸਲੀ ਪ੍ਰਚਾਰਕ ਤੇ ਗੁਰਮਤਿ ਗਿਆਨੀ ਜਾਣ ਕੇ ਉਨ੍ਹਾਂ ਪਾਸੋਂ ਆਨ ਮਤਾਂ ਮਤਾਂਤਰਾਂ ਦੀ ਰੀਸੇ ਘੜੀਸੇ ਕੇਵਲ ਫੋਕੀਆਂ ਗੱਲਾਂ ਰਾਹੀਂ ਛੂਹ ਮੰਤ੍ਰ ਨਾਲ ਗੁਰਮਤਿ ਪ੍ਰਾਪਤ ਕਰਨਾ ਚਾਹੁੰਦੇ ਹਨ ਜਿਸ ਕਰਕੇ ਉਹ ਗੁਰਮਤਿ ਧਾਰਨ ਕਰਨ ਦੀ ਬਜਾਏ ਸਗੋਂ ਮਨਮਤਿ ਦੇ ਧਾਰਨੀ ਬਣ ਬੈਠਦੇ ਹਨ। ਇਹੀ ਕਾਰਣ ਹੈ ਕਿ ਅੱਜ ਕੱਲ੍ਹ ਦੇ ਸਿੱਖ ਦੀਵਾਨਾਂ ਅੰਦਰ ਗੁਰਬਾਣੀ ਦੇ ਅਖੰਡ ਪਾਠ ਅਤੇ ਅਖੰਡ ਕੀਰਤਨ (ਜੋ ਸਿਰ ਕਰਮਨ ਕੇ ਕਰਮਾ ਹੈ) ਸਮੇਂ ਟਾਂਵੇਂ ਟਾਂਵੇਂ ਹੀ ਭਾਗਾਂ ਵਾਲੇ ਗੁਰਸਿੱਖ ਸਰੋਤੇ ਬੈਠੇ ਦੇਖੀਦੇ ਹਨ। ਪ੍ਰੰਤੂ ਕਿਸੇ ਪ੍ਰਸਿੱਧ ਕਹੌਤੀ ਪ੍ਰਚਾਰਕ ਅਥਵਾ ਗਿਆਨੀ ਜਾਂ ਪ੍ਰਸਿੱਧ ਲੀਡਰ ਦੇ ਵਖਿਆਨ ਸਮੇਂ ਉਸੇ ਹੀ ਦੀਵਾਨ ਅੰਦਰ ਤਿਲ ਸਿੱਟਣ ਨੂੰ ਥਾਂ ਨਹੀਂ ਲੱਭਦਾ। ਜਿਸ ਤੋਂ ਸਿੱਧ ਹੋਇਆ ਕਿ ਗੁਰਬਾਣੀ ਦਾ ਪ੍ਰਚਾਰ ਸਿੱਖਾਂ ਵਿੱਚੋਂ ਬਹੁਤ ਘੱਟ ਗਿਆ ਹੈ ਤੇ ਦਿਨੋ ਦਿਨ ਘੱਟਦਾ ਜਾ ਰਿਹਾ ਹੈ। ਜੇ ਕਿਤੇ ਥੋੜ੍ਹਾ ਬਹੁਤ ਉੱਦਮ ਹੈ ਵੀ ਉੱਥੇ ਵੀ ਨਿਰੋਲ

ਨਿਰਾਲੇ ਗੁਰਮਤਿ ਸਿਧਾਂਤਾਂ ਦੇ ਪ੍ਰਚਾਰ ਦੇ ਥਾਂ ਸਗੋਂ ਆਨਮਤ ਸਿਧਾਂਤਾਂ ਦੇ ਪ੍ਰਚਾਰ ਨੂੰ ਹੀ ਪ੍ਰਧਾਨਤਾ ਦਿੱਤੀ ਜਾਂਦੀ ਹੈ। ਰਹਿੰਦੀ ਖੂੰਹਦੀ ਗਿੱਲ ਪੱਛਮੀ ਵਿੱਦਿਆ ਨੇ ਗੁਆ ਦਿੱਤੀ ਹੈ। ਇਸ ਅਵਿੱਦਿਆ ਨੂੰ ਪ੍ਰਾਪਤ ਕਰਕੇ ਅੱਜ ਕੱਲ੍ਹ ਦੇ ਵਿਦਵਾਨ ਲੋਗ ਗੁਰਬਾਣੀ ਨੂੰ ਸਗੋਂ ਇਸ ਅਵਿਦਿਆ ਦੀ ਰੰਗਤ ਦੇ ਅਸਰ ਹੇਠ ਵਿਚਾਰਨਾ ਹੀ ਫ਼ਖ਼ਰ ਸਮਝ ਬੈਠੇ ਹਨ ਜੋ ਨਿਰੀ ਮਨਮਤ ਹੈ। ਉਨ੍ਹਾਂ ਨੇ ਜਿਤਨੇ ਗ੍ਰੰਥ ਰਚੇ ਹਨ ਉਨ੍ਹਾਂ ਤੋਂ ਇਹ ਗੱਲ ਭਲੀਭਾਂਤ ਸਿੱਧ ਹੋ ਜਾਂਦੀ ਹੈ।

ਗੁਰਬਾਣੀ ਅੰਦਰ ਗੁਰੂ ਸਾਹਿਬ ਨੇ ਸ਼ਬਦ ਭਾਵੇਂ ਆਮ ਜ਼ੁਬਾਨਾਂ ਦੇ ਹੀ ਵਰਤੇ ਹਨ ਪ੍ਰੰਤੂ ਉਨ੍ਹਾਂ ਸ਼ਬਦਾਂ ਦੇ ਅਰਥ ਕੇਵਲ ਜ਼ਬਾਨਾਂ ਵਾਲਿਆਂ ਦੇ ਪਹਿਲੇ ਦਿੱਤੇ ਅਰਥ ਹੀ ਨਹੀਂ ਦਿੱਤੇ ਸਗੋਂ ਆਪਣੇ ਨਵੇਂ ਅਰਥ ਦਿੱਤੇ ਹਨ ਜੋ ਕਿਸੇ ਪੁਰਾਣੀਆਂ ਜਾਂ ਨਵੀਆਂ ਬਣੀਆਂ ਡਿਕਸ਼ਨਰੀਆਂ ਅਥਵਾ ਕੋਸ਼ਾਂ ਜਾਂ ਹੋਰ ਕਿਧਰੋਂ ਵੀ ਨਹੀਂ ਮਿਲਣਗੇ। ਜੇ ਮਿਲਣਗੇ ਤਾਂ ਕੇਵਲ ਗੁਰਬਾਣੀ ਵਿੱਚੋਂ ਹੀ ਮਿਲਣਗੇ ਜਿਸ ਕਰਕੇ ਗੁਰਬਾਣੀ ਦੀ ਸਮਝ ਕੇਵਲ ਗੁਰਬਾਣੀ ਦੇ ਸਹਾਰੇ ਹੀ ਆ ਸਕਦੀ ਹੈ ਪ੍ਰੰਤੂ ਵਰਤੋਂ ਇਸ ਤੋਂ ਐਨ ਉਲਟ ਹੈ। ਪੰਥ ਦੇ ਮੰਨੇ ਦੰਨੇ ਪ੍ਰਸਿੱਧ ਵਿਦਵਾਨਾਂ ਗੁਣੀਆਂ ਗਿਆਨੀਆਂ ਦੇ ਹੋਰ ਰਚੇ ਗ੍ਰੰਥਾਂ ਨੂੰ ਛੱਡ ਕੇ ਉਨ੍ਹਾਂ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕੋਸ਼ਾਂ ਤੇ ਮਹਾਨ ਕੋਸ਼ਾਂ ਆਦਿ ਨਾਮੇ ਰਚੇ ਗ੍ਰੰਥਾਂ ਨੂੰ ਹੀ ਲੈ ਲਵੋ ਤਾਂ ਏਹ ਗੱਲ ਭਲੀਭਾਂਤ ਸਿੱਧ ਹੋ ਜਾਵੇਗੀ ਕਿ ਉਨ੍ਹਾਂ ਨੇ ਵੀ ਆਨ ਮਤਾਂ ਮਤਾਂਤਰਾਂ ਵਾਲਿਆਂ ਦੀ ਰੀਸੇ ਘੜੀਸੇ ਉਨ੍ਹਾਂ ਦੇ ਪਹਿਲੋਂ ਦੇ ਰਚੇ ਹੋਏ ਕੋਸ਼ਾਂ ਦਾ ਸਹਾਰਾ ਲੈ ਕੇ ਅਤੇ ਆਪਣੀ ਕਹੌਤੀ ਵਿੱਦਿਆ ਦੇ ਅਸਰ ਹੇਠ ਹੀ ਉਕਤ ਗ੍ਰੰਥ ਰਚ ਛੱਡੇ ਹਨ। ਮਿਸਾਲ ਦੇ ਤੌਰ 'ਤੇ ਹੇਠ ਲਿਖੇ ਸ਼ਬਦਾਂ ਦੇ ਅਰਥ ਜੋ ਗੁਰੂ ਸਾਹਿਬ ਨੇ ਖ਼ੁਦ ਆਪ ਬੜੇ ਹੀ ਸੁਖੈਨ ਅਤੇ ਸਧਾਰਨ ਤਰੀਕੇ ਨਾਲ ਗੁਰਬਾਣੀ ਅੰਦਰ ਕੀਤੇ ਹਨ। ਏਹ ਅਰਥ ਉਪਰ ਕਥਨ ਕੀਤੇ ਕੋਸ਼ਾਂ ਵਿੱਚ ਕਿਤੋਂ ਵੀ ਨਹੀਂ ਮਿਲਣਗੇ।

- ਜਿਸ ਨੋ ਬਖਸੇ ਸਿਫਤਿ ਸਾਲਾਹ॥ ਨਾਨਕ <u>ਪਾਤਿਸਾਹੀ ਪਾਤਿਸਾਹੁ</u>॥ (੫)

- <u>ਸਚੁ ਵਖਰੁ ਧਨੁ ਨਾਮੁ ਹੈ</u> ਘਟਿ ਘਟਿ ਗਹਿਰ ਗੰਭੀਰੁ॥ (੨੨)

- ਸੋਈ <u>ਮਉਲਾ</u> ਜਿਨਿ ਜਗੁ ਮਉਲਿਆ ਹਰਿਆ ਕੀਆ ਸੰਸਾਰੋ॥ (੨੪)

- ਤਾ ਤੂ <u>ਮੁਲਾ</u> ਤਾ ਤੂ <u>ਕਾਜੀ</u> ਜਾਣਹਿ ਨਾਮੁ ਖੁਦਾਈ॥ (੨੪)

- ਸਤਿਗੁਰੁ ਮਨ ਕਾਮਨਾ <u>ਤੀਰਥੁ</u> ਹੈ ਜਿਸ ਨੋ ਦੇਇ ਬੁਝਾਇ॥ (੨੬)

- ਸੋ <u>ਸੇਵਕੁ</u> ਹਰਿ ਆਖੀਐ ਜੋ ਹਰਿ ਰਾਖੈ ਉਰਿ ਧਾਰਿ॥ (੨੮)

- ਸੋ <u>ਸਾਧੁ ਬੈਰਾਗੀ</u> ਸੋਈ ਹਿਰਦੈ ਨਾਮੁ ਵਸਾਏ॥ (੨੯)

- ਕਰਿ ਸੰਗਤਿ ਤੂ ਸਾਧ ਕੀ <u>ਅਠਸਠਿ ਤੀਰਥ</u> ਨਾਉ॥ (੪੭)

- ਸੋਈ <u>ਸਾਸਤੁ ਸਉਣੁ</u> ਸੋਇ ਜਿਤੁ ਜਪੀਐ ਹਰਿ ਨਾਉ॥ (੪੮)

- ਸਤਿਗੁਰ ਬਚਨ ਕਮਾਵਣੇ ਸਚਾ ਏਹੁ <u>ਵੀਚਾਰੁ</u>॥ (੫੨)

- ਸੇ ਜਨ <u>ਸਚੇ ਨਿਰਮਲੇ</u> ਜਿਨ ਸਤਿਗੁਰ ਨਾਲਿ ਪਿਆਰੁ॥ (੬੫)

- ਗੁਰ ਕੀ ਸੇਵਾ ਗੁਰ ਭਗਤਿ ਹੈ ਵਿਰਲਾ ਪਾਏ ਕੋਇ॥ (੬੬)

- ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ॥ (੮੬)

- ਸੋਈ ਸਿਆਣਾ ਸੋ ਪਤਿਵੰਤਾ ਹੁਕਮੁ ਲਗੈ ਜਿਸੁ ਮੀਠਾ ਜੀਉ॥ (੧੦੮)

- ਸੋ ਧਨਵੰਤਾ ਸੋ ਵਡ ਸਾਹਾ ਜੋ ਗੁਰ ਚਰਣੀ ਮਨੁ ਲਾਵਣਿਆ॥ (੧੩੦)

- ਸੇਈ ਸੁੰਦਰ ਸੋਹਣੇ॥ ਸਾਧਸੰਗਿ ਜਿਨ ਬੈਹਣੇ॥ (੧੩੨)

- ਹੋਰੁ ਕਾਰ ਵੇਕਾਰ ਹੈ ਇਕਿ ਸਚੀ ਕਾਰੈ ਲਾਇਆ॥ (੧੩੯)

- ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ॥ (੧੪੦)

- ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥ (੧੪੨)

- ਸੇਈ ਪੂਰੇ ਸਾਹ ਜਿਨੀ ਪੂਰਾ ਪਾਇਆ॥ (੧੪੬)

- ਮੇਰੇ ਮਨ ਨਾਮ ਬਿਨਾ ਜੋ ਦੂਜੈ ਲਾਗੇ ਤੇ ਸਾਕਤ ਨਰ ਜਮਿ ਘੁਟੀਐ॥ (੧੭੦)

- ਨਾਮੁ ਨ ਜਪਹਿ ਤੇ ਆਤਮ ਘਾਤੀ॥ (੧੮੮)

- ਸਾ ਮਤਿ ਪੂਰੀ ਜਿਤੁ ਹਰਿ ਗੁਣ ਗਾਵੈ॥ (੧੮੯)

- ਸਤਿਗੁਰੁ ਸੇਵੇ ਸੋ ਜੋਗੀ ਹੋਇ॥ (੨੨੩)

- ਪ੍ਰਭ ਕਉ ਸਿਮਰਹਿ ਸੇ ਧਨਵੰਤੇ॥ ਪ੍ਰਭ ਕਉ ਸਿਮਰਹਿ ਸੇ ਪਤਿਵੰਤੇ॥ (੨੬੩)

- ਸੋ ਪੰਡਿਤੁ ਜੋ ਮਨੁ ਪਰਬੋਧੈ॥ (੨੭੪)

- ਸਾਧ ਨਾਮ ਨਿਰਮਲ ਤਾ ਕੇ ਕਰਮ॥ (੨੮੬)

- ਚਤੁਰ ਸਿਆਣਾ ਸੁਘੜੁ ਸੋਇ ਜਿਨਿ ਤਜਿਆ ਅਭਿਮਾਨੁ॥ (੨੮੭)

- ਸੋ ਸਾਜਨੁ ਸੋ ਸਖਾ ਮੀਤੁ ਜੋ ਹਰਿ ਕੀ ਮਤਿ ਦੇਇ॥ (੨੮੮)

- ਹਰਿ ਕੀ ਟਹਲ ਕਮਾਵਣੀ ਜਪੀਐ ਪ੍ਰਭ ਕਾ ਨਾਮੁ॥ (੩੦੦)

- ਸਚੁ ਸਚਾ ਜਿਨੀ ਨ ਸੇਵਿਆ ਸੇ ਮਨਮੁਖ ਮੁੜ ਬੇਤਾਲੇ॥ (੩੧੧)

- ਨਾਨਕ ਸੋਈ ਦਿਨਸੁ ਸੁਹਾਵੜਾ ਜਿਤੁ ਪ੍ਰਭੁ ਆਵੈ ਚਿਤਿ॥ (੩੧੮)

- ਨਾਨਕ ਨਾਇ ਵਿਸਾਰਿਐ ਸਭ ਮੰਦੀ ਰੁਤੇ॥ (੩੨੧)

- ਹਰਿ ਜਸੁ ਲਿਖਹਿ ਲਾਇ ਭਾਵਨੀ ਸੇ ਹਸਤ ਪਵਿਤਾ॥ (੩੨੨)

- ਬਿਨੁ ਹਰਿ ਸਿਮਰਣ ਪਾਪਿ ਸੰਤਾਪੀ॥ (੩੫੬)

- ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ॥ (੩੫੮)

- ਬੰਦੀ ਅੰਦਰਿ ਸਿਫਤਿ ਕਰਾਏ ਤਾ ਕਉ ਕਹੀਐ ਬੁੰਦਾ॥ (੩੫੯)

- ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ॥ (੩੯੯)

- ਬਿਨੁ ਨਾਵੈ ਸਭ ਨੀਚ ਜਾਤਿ ਹੈ ਬਿਸਟਾ ਕਾ ਕੀੜਾ ਹੋਇ॥ (੪੨੬)

- ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ॥ (੪੩੫)

- ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ॥ (੫੧੭)

- ਸੁਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ॥ (੪੭੨)

- ਹਰਿ ਕੀ ਸੇਵਾ ਚਾਕਰੀ ਸਚੈ ਸਬਦਿ ਪਿਆਰਿ॥ (੫੧੨)

- ਢਾਢੀ ਤਿਸ ਨੋ ਆਖੀਐ ਜਿ ਖਸਮੈ ਧਰੇ ਪਿਆਰੁ॥ (੫੧੬)

- ਨਾਮ ਬਿਨਾ ਸਭੁ ਜਗੁ ਬਉਰਾਨਾ ਸਬਦੇ ਹਉਮੈ ਮਾਰੀ॥ (੫੬੮)

- ਨਾਨਕ ਨਾਮਿ ਰਤੇ ਸੇ ਨਿਰਮਲ ਹੋਰ ਹਉਮੈ ਮੈਲੁ ਭਰੀਜੈ॥ (੫੭੦)

- ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥ (੬੦੧)

- ਪ੍ਰੇਮ ਪਦਾਰਥੁ ਨਾਮੁ ਹੈ ਭਾਈ ਮਾਇਆ ਮੋਹ ਬਿਨਾਸੁ॥ (੬੪੦)

- ਬਿਨੁ ਨਾਵੈ ਜਗੁ ਕਮਲਾ ਫਿਰੈ ਗੁਰਮੁਖਿ ਨਦਰੀ ਆਇਆ॥ (੬੪੩)

- ਅੰਮ੍ਰਿਤੁ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ॥ (੬੪੪)

- ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ॥ (੬੫੦)

- ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥ (੬੭੯)

- ਗੁਰ ਕਾ ਸਬਦੁ ਮਨੇ ਸੋ ਸੂਰਾ॥ (੧੦੨੩)

- ਆਨ ਅਚਾਰ ਬਿਉਹਾਰ ਹੈ ਜੇਤੇ ਬਿਨੁ ਹਰਿ ਸਿਮਰਨ ਫੋਕ॥ (੬੮੨)

- ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥ (੬੮੭)

- ਬਿਨੁ ਪੂਰੇ ਗੁਰਦੇਵ ਫਿਰੈ ਸੈਤਾਨਿਆ॥ (੭੦੮)

- ਸਾ ਕਾਇਆ ਜੋ ਸਤਿਗੁਰੁ ਸੇਵੈ ਸਚੈ ਆਪਿ ਸਵਾਰੀ॥ (੭੫੪)

- ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ॥ (੭੫੯)

- ਨਾਮ ਬਿਨਾ ਸਭਿ ਕੂੜ ਗਾਲ੍ਹੀ ਹੋਛੀਆ॥ (੭੬੧)

- ਸੋਈ ਮਲੀਨੁ ਦੀਨੁ ਹੀਨੁ ਜਿਸੁ ਪ੍ਰਭੁ ਬਿਸਰਾਨਾ॥ (੮੧੩)

- ਜਪਿ ਜਪਿ ਨਾਮੁ ਗੋਬਿੰਦ ਕਾ ਪੂਰਨ ਬੀਚਾਰੁ॥ (੮੧੫)

- ਸੋ ਗਿਆਨੀ ਜਿਨਿ ਸਬਦਿ ਲਿਵ ਲਾਈ॥ (੮੩੧)

- ਸੋ ਪੰਡਿਤੁ ਗੁਰ ਸਬਦੁ ਕਮਾਇ॥ (੮੮੮)

- ਨਾਮ ਬਿਨਾ ਕਿਆ ਗਿਆਨ ਧਿਆਨੁ॥ (੯੦੫)

- ਪਾਧਾ ਪੜਿਆ ਆਖੀਐ ਬਿਦਿਆ ਬਿਚਰੈ ਸਹਜਿ ਸੁਭਾਇ॥

ਬਿਦਿਆ ਸੋਧੈ ਤਤੁ ਲਹੈ ਰਾਮ ਨਾਮ ਲਿਵ ਲਾਇ॥ (੯੩੭)

- ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ ਜਿਸੁ ਰਾਮ ਨਾਮੁ ਗਲਿ ਹਾਰੁ॥ (੯੩੮)

- ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ॥ ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ॥ (੯੫੪)

- ਸਾਈ ਮਤਿ ਸਾਈ ਬੁਧਿ ਸਿਆਨਪ ਜਿਤੁ ਨਿਮਖ ਨ ਪ੍ਰਭੁ ਬਿਸਰਾਵੈ॥ (੯੭੮)

- ਮੂਰਖਾ ਸਿਰਿ ਮੁਰਖੁ ਹੈ ਜਿ ਮੰਨੇ ਨਾਹੀ ਨਾਉ॥ (੧੦੧੫)

- ਸਚੁ ਕਮਾਵੈ ਸੋਈ ਕਾਜੀ॥ ਜੋ ਦਿਲੁ ਸੋਧੈ ਸੋਈ ਹਾਜੀ॥ (੧੦੮੪)

- ਨਾਨਕ ਵਿਣੁ ਨਾਵੈ ਆਲੂਦਿਆ ਜਿਤੀ ਹੋਰੁ ਖਿਆਲੁ॥ (੧੦੯੭)

- ਗੰਗਾ ਜਲੁ ਗੁਰ ਗੋਬਿੰਦ ਨਾਮ॥ (੧੧੩੭)

- ਤੀਰਥੁ ਹਮਰਾ ਹਰਿ ਕੋ ਨਾਮੁ॥ (੧੧੪੨)

- ਸੋਈ ਗਿਆਨੀ ਜਿ ਸਿਮਰੈ ਏਕ॥ (੧੧੫੦)

- ਹਰਿ ਕੇ ਨਾਮ ਬਿਨਾ ਸਭ ਝੂਠ॥ (੧੧੫੧)

- ਗੁਰ ਸੇਵ ਨ ਭਾਈ ਸਿ ਚੋਰ ਚੋਰ॥ (੧੧੭੦)

- ਏਕੋ ਧਰਮੁ ਦ੍ਰਿੜੈ ਸਚੁ ਕੋਈ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ॥ (੧੧੮੮)

- ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ॥ (੧੨੪੬)

- ਬਿਨੁ ਸਬਦੈ ਆਚਾਰੁ ਨ ਕਿਨ ਹੀ ਪਾਇਆ॥ (੧੨੮੫)

- ਗੁਰ ਕੀ ਕੀਰਤਿ ਜਪੀਐ ਹਰਿ ਨਾਉ॥ (੮੯੭)

- ਗੁਰ ਕੀ ਭਗਤਿ ਸਦਾ ਗੁਣ ਗਾਉ॥ (੮੯੭)

- ਗੁਰ ਕੀ ਸੁਰਤਿ ਨਿਕਟਿ ਕਰਿ ਜਾਨੁ॥ (੮੯੭)

- ਗੁਰਿ ਪੂਰੈ ਦੇਖਾਲਿਆ ਵਿਣੁ ਨਾਵੈ ਸਭ ਬਾਦਿ॥ (੯੫੭)

- ਸਾਸੁ ਸਾਸੁ ਜਾਇ ਨਾਮੈ ਬਿਨੁ ਸੋ ਬਿਰਥਾ ਸਾਸੁ ਬਿਕਾਰੇ॥ (੯੮੦)

- ਹਰਿ ਸਿਮਰਣੁ ਸਾਚਾ ਬੀਚਾਰੁ॥ (੧੧੪੩)

- ਤਤੁ ਗਿਆਨੁ ਹਰਿ ਅੰਮ੍ਰਿਤ ਨਾਮ॥ (੧੧੪੬)

- ਜੋ ਬਿਨੁ ਸਚੇ ਹੋਰਤੁ ਚਿਤੁ ਲਾਇਦੇ ਸੇ ਕੂੜਿਆਰ ਕੂੜਾ ਤਿਨ ਮਾਣਾ॥ (੩੦੫)